# ਗੁਰਸ਼ਰਨ ਸਿੰਘ ਅਤੇ ਪੰਜਾਬੀ ਰੰਗਮੰਚ

## *ਸਬਿੰਦਰਜੀਤ ਸਾਗਰ*

ਪੰਜਾਬੀ ਰੰਗਮੰਚ ਦੇ ਖੇਤਰ ਵਿਚ ਗੁਰਸ਼ਰਨ ਸਿੰਘ ਦੀਆਂ ਸਰਗਰਮੀਆਂ ਬਾਰੇ ਵਧੇਰੇ ਕਰਕੇ ਪ੍ਰਸ਼ੰਸ਼ਾਤਮਕ ਦ੍ਰਿਸ਼ਟੀ ਤੋਂ ਲਿਖਿਆ ਗਿਆ ਹੈ। ਇਸਤੋਂ ਘੱਟ ਵਿਰੋਧ ਦੇ ਸੁਰ ਉੱਭਰਦੇ ਹਨ। ਇਹਨਾਂ ਦੋਨਾਂ ਵਿਚ ਸਾਂਝ ਇਸ ਗੱਲ ਦੀ ਹੈ ਕਿ ਇਹਨਾਂ ਵਿਚ ਵਿਸ਼ੇਲਸ਼ਣਾਤਮਕ ਪਹੁੰਚ ਦੀ ਘਾਟ ਹੈ। ਸਿੱਟੇ ਵਜੋਂ ਨਾ ਤਾਂ ਗੁਰਸ਼ਰਨ ਸਿੰਘ ਵਲੋਂ ਰੰਗਮੰਚ ਨੂੰ ਦਿੱਤੇ ਯੋਗਦਾਨ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਘੋਖਿਆ ਗਿਆ ਹੈ ਤੇ ਨਾ ਹੀ ਇਸ ਆਧਾਰ ਉਤੇ ਪੰਜਾਬੀ ਰੰਗਮੰਚ ਦੀ ਸਥਿਤੀ ਨੂੰ ਵਾਚਣ ਦੀ ਕੋਸ਼ਿਸ਼ ਹੋਈ ਹੈ। ਇਸ ਲੇਖ ਦਾ ਉਦੇਸ਼ ਜਿੱਥੇ ਗੁਰਸ਼ਸਨ ਸਿੰਘ ਦੇ ਰੰਗਮੰਚ ਨੂੰ ਦਿੱਤੇ ਯੋਗਦਾਨ ਦੇ ਕੁਝ ਪੱਖਾਂ ਬਾਰੇ ਵਿਚਾਰ ਕਰਦਾ ਹੈ, ਉੱਥੇ ਇਸ ਦੀ ਰੋਸ਼ਨੀ ਵਿਚ ਪੰਜਾਬੀ ਰੰਗਮੰਚ ਨਾਲ ਸੰਬੰਧਤ ਕੁਝ ਅਹਿਮ ਸਮੱਸਿਆਵਾਂ ਬਾਰੇ ਵਿਚਾਰਨਾ ਵੀ।

ਗੁਰਸ਼ਰਨ ਸਿੰਘ ਦਾ ਰੰਗਮੰਚ ਜੀਵਨ 1958 ਵਿਚ ਸ਼ੁਰੂ ਹੋਇਆ। ਉਸਦੀ ਪਹਿਲੀ ਪੇਸ਼ਕਾਰੀ ਕਰਤਾਰ ਸਿੰਘ ਦੁੱਗਲ ਦੇ ਨਾਟਕ "ਦੀਵਾ ਬੁੱਝ ਗਿਆ" ਦਾ ਮੰਚਣ ਸੀ। ਇਹ ਨਾਟਕ ਨੰਗਲ ਟਾਊਨਸ਼ਿਪ ਵਿਖੇ ਖੇਡਿਆ ਗਿਆ ਸੀ। 1964 ਵਿਚ ਅੰਮ੍ਰਿਤਸਰ ਆ ਕੇ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੀ ਸਥਾਪਨਾ ਨਾਲ ਬਕਾਇਦਾ ਰੰਗਮੰਚ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ। ਕੇਂਦਰ ਦੀਆਂ ਪੇਸ਼ਕਾਰੀਆਂ ਵਿਚ ਅਭਿਨੈ ਕਰਨ ਦੇ ਨਾਲ-ਨਾਲ ਗੁਰਸ਼ਰਨ ਸਿੰਘ ਦਾ ਮਹੱਤਵਪੂਰਨ ਯੋਗਦਾਨ ਕੇਂਦਰ ਦਾ ਸੰਗਠਨ ਸੀ। ਉਸਨੇ ਚੰਗੇ ਕਲਾਕਾਰਾਂ ਨੂੰ ਰੰਗਮੰਚ ਨਾਲ ਜੋੜਿਆ ਤੇ ਅੰਮ੍ਰਿਤਸਰ ਦੇ ਦਰਸ਼ਕਾਂ ਵਿਚ ਨਾਟਕ-ਚੇਤਨਾ ਵਿਕਸਿਤ ਕੀਤੀ। ਪਰ ਉਸਦਾ ਅਹਿਮ ਯੋਗਦਾਨ ਪੰਜਾਬੀ ਰੰਗਮੰਚ ਨੂੰ ਸਵੈ-ਨਿਰਭਰ ਆਧਾਰ ਦੇਣ ਦਾ ਉਪਰਾਲਾ ਕਰਨਾ ਸੀ।

ਉਸ ਵੇਲੇ ਦੇ ਪੰਜਾਬੀ ਰੰਗਮੰਚ ਦੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਦੀਆਂ ਸਰਗਰਮੀਆਂ, ਉਸਦਾ ਸੰਗਠਨ ਤੇ ਆਰਥਿਕ ਆਧਾਰ ਨੂੰ ਵੇਖਿਆ, ਰੰਗਮੰਚ ਪ੍ਰਤੀ ਗੁਰਸ਼ਰਨ ਸਿੰਘ ਦੀ ਪ੍ਰਤੀਬੱਧਤਾ ਦਾ ਪਤਾ ਚਲਦਾ ਹੈ। ਰੰਗਮੰਚ ਦੀਆਂ ਸਰਗਰਮੀਆਂ ਨੂੰ ਜਾਰੀ ਰੱਖਣ ਲਈ, ਉਸਨੇ ਸਹਿਯੋਗੀ ਮੈਂਬਰ ਬਣਾਉਣ ਦੀ ਯੋਜਨਾ ਲਾਗੂ ਕੀਤੀ। ਇਸ ਯੋਜਨਾ ਅਧੀਨ ਹਰ ਸਹਿਯੋਗੀ ਮੈਂਬਰ ਤੋਂ 10 ਰੁਪਏ ਸਾਲ ਦੇ ਲਏ ਜਾਂਦੇ ਸਨ ਤੇ ਹਰ ਪ੍ਰੋਗਰਾਮ ਦੇ 4 ਪਾਸ ਮੈਂਬਰ ਨੂੰ ਦਿੱਤੇ ਜਾਂਦੇ ਸਨ। ਸ਼ੁਰੂ ਵਿਚ ਲਗਭਗ

200 ਮੈਂਬਰ ਬਣੇ ਸਨ। ਇਨ੍ਹਾਂ ਮੈਂਬਰਾਂ ਨੂੰ ਆਰੰਭ ਵਿਚ ਸਾਲ ਦੇ ਦਸ ਪ੍ਰੋਗਰਾਮ ਦਿੱਤੇ ਗਏ। ਹੌਲੀ-ਹੌਲੀ ਜਿੱਥੇ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਹੋਇਆ, ਉੱਥੇ ਪ੍ਰੋਗਰਾਮਾਂ ਦੀ ਗਿਣਤੀ ਵੀ ਵਧਾ ਦਿੱਤੀ ਗਈ। ਨਾਲ ਹੀ ਆਰਥਿਕ ਸਹਿਯੋਗ ਦੀ ਰਕਮ ਵਿਚ ਵੀ ਵਾਧਾ ਕਰ ਦਿੱਤਾ ਗਿਆ। ਇਸ ਤਰ੍ਹਾਂ ਕੇਂਦਰ ਨੂੰ ਆਰਥਿਕ ਦ੍ਰਿਸ਼ਟੀ ਤੋਂ ਸਵੈ-ਨਿਰਭਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਸਿੱਟੇ ਵਜੋਂ ਨਿਸ਼ਚਿਤ ਦਰਸ਼ਕ ਵਰਗ ਥੀਏਟਰ ਨਾਲ ਜੁੜ ਰਿਹਾ ਸੀ, ਉੱਥੇ ਰੰਗਮੰਚ ਦੀਆਂ ਸਰਗਰਮੀਆਂ ਵੀ ਨਿਰਧਾਰਿਤ ਹੋ ਰਹੀਆਂ ਸਨ। ਗੁਰਸ਼ਰਨ ਸਿੰਘ ਨੇ ਅੰਮ੍ਰਿਤਸਰ ਦੀਆਂ ਸ਼ੌਕੀਆ ਨਾਟ-ਮੰਡਲੀਆਂ ਨੂੰ ਜੋੜਨ ਦੀ ਕੋਸ਼ਿਸ਼ ਵੀ ਕੀਤੀ। ਉਹਨਾਂ ਨੂੰ ਆਪਣੇ ਵੱਲੋਂ ਤਿਆਰ ਨਾਟਕਾਂ ਦੀ ਪੇਸ਼ਕਾਰੀ ਦੇ ਮੌਕੇ ਦਿੱਤੇ।

ਅਮਰਜੀਤ ਗਰੇਵਾਲ ਨੇ ਹਰਪਾਲ ਟਿਵਾਣਾ ਦੇ ਰੰਗਮੰਚ ਨੂੰ 'ਸੁਤੰਤਰ ਤੇ ਸਵੈ-ਨਿਰਭਰ' ਕਿਹਾ ਹੈ। ਉਸਦਾ ਵਿਚਾਰ ਹੈ ਕਿ "ਹਰਪਾਲ ਟਿਵਾਣਾ ਦੇ ਮਈ 1976 ਵਿਚ ਪੰਜਾਬੀ ਭਵਨ, ਲੁਧਿਆਣਾ ਵਿਚ ਪ੍ਰਵੇਸ਼ ਨਾਲ ਸ੍ਵੈ-ਨਿਰਭਰ ਪੇਸ਼ਾਵਰ ਪੰਜਾਬੀ ਥੀਏਟਰ ਦੀ ਸ਼ੁਰੂਆਤ ਹੁੰਦੀ ਹੈ ਅਤੇ 1982 ਵਿਚ ਉਸਦੇ ਪੰਜਾਬੀ ਭਵਨ ਲੁਧਿਆਣਾ, ਛੱਡ ਕੇ ਚਲੇ ਜਾਣ ਨਾਲ ਹੀ ਪੰਜਾਬ ਵਿਚ ਸ੍ਵੈ-ਨਿਰਭਰ ਪੇਸ਼ਾਵਰ ਥੀਏਟਰ ਦਾ ਅੰਤ ਹੋ ਜਾਂਦਾ ਹੈ। ਸੋ ਮਈ 1976 ਤੋਂ ਲੈ ਕੇ ਅਪ੍ਰੈਲ 1982 ਤਕ ਤਕਰੀਬਨ ਛੇ ਸਾਲ ਦਾ ਸਮਾਂ ਪੰਜਾਬ ਥੀਏਟਰ ਦੇ ਇਤਿਹਾਸ ਵਿਚ ਅੱਜ ਤਕ ਸਭ ਤੋਂ ਨਿਰਾਲਾ, ਸੰਭਾਵਨਾਵਾਂ ਭਰਪੂਰ ਅਤੇ ਲਾਸਾਨੀ ਸਮਾਂ ਰਿਹਾ।" ਇਤਿਹਾਸਕ ਦ੍ਰਿਸ਼ਟੀ ਤੋਂ ਸ੍ਵੈ-ਨਿਰਭਰਤਾ ਲਈ ਗੁਰਸ਼ਰਨ ਸਿੰਘ ਦਾ ਉੱਦਮ 1964-1970 ਤਕ ਹੋਣ ਕਰਕੇ ਪਹਿਲਾਂ ਆਉਂਦਾ ਹੈ। ਪਰ ਗਰੇਵਾਲ ਇਸ ਉੱਦਮ ਦਾ ਉਲੇਖ ਕਰਨ ਦੀ ਥਾਂ ਲਿਖਦਾ ਹੈ, "ਪੰਜਾਬੀ ਥੀਏਟਰ ਦੇ ਇਤਿਹਾਸ ਵਿਚ ਗੁਰਸ਼ਰਨ ਸਿੰਘ ਦਾ ਨਾਮ ਇਸ ਲਈ ਨਹੀਂ ਜਾਣਿਆ ਜਾਵੇਗਾ ਕਿ ਉਸਦੀ ਪੰਜਾਬੀ ਥੀਏਟਰ ਨੂੰ ਦੇਣ ਹੈ, ਸਗੋਂ ਇਸ ਲਈ ਜਾਣਿਆ ਜਾਵੇਗਾ ਕਿ ਇਕ ਵਿਸ਼ੇਸ਼ ਰਾਜਨੀਤਕ ਸਿਧਾਂਤ ਦੀ ਪੇਟਰਨੇਜ਼ ਕਾਰਨ ਗੁਰਸ਼ਰਨ ਸਿੰਘ ਵਰਗਾ ਵਧੀਆ, ਤਜ਼ਰਬੇਕਾਰ, ਸੁਹਿਰਦ ਅਤੇ ਸਮਰਪਿਤ ਨਾਟਕਕਾਰ/ਨਿਰਦੇਸ਼ਕ ਵੀ ਪੰਜਾਬੀ ਵਿਚ ਥੀਏਟਰ ਦੀ ਲਹਿਰ ਪੈਦਾ ਕਰਨ੍ਹ ਵਿਚ ਕੋਈ ਮਹੱਤਵਪੂਰਨ ਯੋਗਦਾਨ ਨਹੀਂ ਪਾ ਸਕਿਆ।"

ਪਰ ਇਹ ਕਥਨ ਸਹੀ ਨਹੀਂ ਹੈ। ਗੁਰਸ਼ਰਨ ਸਿੰਘ ਦਾ ਯੋਗਦਾਨ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀਆਂ ਪ੍ਰਾਪਤੀਆਂ ਤੋਂ ਵੇਖਿਆ ਜਾ ਸਕਦਾ ਹੈ। ਸਾਹਿਤ ਅਕਾਦਮੀ ਦੇ ਰਸਾਲੇ 'ਇੰਡੀਅਨ ਲਿਟਰੇਚਰ' ਵਿਚ ਡਾ. ਅਤਰ ਸਿੰਘ ਲਿਖਦਾ ਹੈ ਕਿ ਕੇਂਦਰ ਨੇ ਵੱਡੀ ਗਿਣਤੀ ਵਿਚ ਪੱਛਮੀ ਕਲਾਸਕੀ ਰਚਨਾਵਾਂ ਨੂੰ ਪੰਜਾਬੀ ਰੂਪ ਵਿਚ ਢਾਲਕੇ ਬਹੁਤ ਵੱਡਾ ਹੌਸਲਾ ਵਿਖਾਇਆ ਹੈ। ਗੁਰਸ਼ਰਨ ਸਿੰਘ ਕਲਪਨਾਸ਼ੀਲ ਵੀ ਹੈ ਅਤੇ ਦ੍ਰਿੜਤਾ-ਭਰਪੂਰ ਵੀ।" ਇਸ ਰੰਗਮੰਚ ਸੰਗਠਨ ਦੀਆਂ ਪ੍ਰਾਪਤੀਆਂ ਘੱਟ ਨਹੀਂ ਹਨ। ਮੈਕਸਿਮ ਗੋਰਕੀ ਦੇ ਨਾਟਕ 'ਪੈਟੀ ਬੁਰਜੂਆ' ਦਾ ਪੰਜਾਬੀ ਰੂਪ 'ਆਲ੍ਹਣਾ ਤੀਲੋ-ਤੀਲ'

ਨੇ ਸਰਬ ਭਾਰਤੀ ਨਾਟਕ ਪ੍ਰਤੀਯੋਗਤਾ ਵਿਚ ਕਈ ਇਨਾਮ ਪ੍ਰਾਪਤ ਕੀਤੇ ਹਨ। 'ਸੋਵੀਅਤ ਦੇਸ਼' (ਅੰਗਰੇਜ਼ੀ) ਵਿਚ ਥੀਏਟਰ ਆਲੋਚਕ ਅਨੁਸਾਰ ਸਟਾਨਿਸਲਾਵਸਕੀ ਦੇ ਨਿਰਦੇਸ਼ਨ ਵਿਚ ਆ ਕੇ ਇਕ ਨਾਟਕ ਮਾਸਕੋ ਵਿਚ ਵੀ ਬਹੁਤ ਸਫਲ ਨਹੀਂ ਸੀ ਰਿਹਾ। ਰੂਸ ਤੋਂ ਭਾਰਤ ਵਿਚ ਵੀ ਇਸ ਨਾਟਕ ਨੂੰ ਬੰਗਾਲੀ ਤੇ ਹਿੰਦੀ ਵਿਚ ਪੇਸ਼ ਕਰਨ ਦੇ ਉਪਰਾਲੇ ਹੋਏ ਸਨ, ਪਰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ 'ਆਲ੍ਹਣਾ ਤੀਲੋ ਤੀਲ' ਨੂੰ ਪੇਸ਼ ਕਰਕੇ ਨਵਾਂ ਰਾਹ ਵਿਖਾਇਆ ਹੈ।

ਮੇਰਾ ਉਦੇਸ਼ ਦੋ ਰੰਗਕਰਮੀਆਂ ਦੀ ਤੁਲਨਾ ਕਰਕੇ ਕਿਸੇ ਨੂੰ ਉੱਚਾ ਜਾਂ ਨੀਵਾਂ ਦਰਸਾਉਣਾ ਨਹੀਂ ਹੈ। ਦਰਅਸਲ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਰੰਗਮੰਚ ਨੂੰ ਸਵੈ-ਨਿਰਭਰ ਬਨਾਉਣ ਦੇ ਜਿਹੜੇ ਉੱਦਮ ਹੋਏ ਹਨ, ਉਨ੍ਹਾਂ ਵਿਚੋਂ ਪਹਿਲ ਗੁਰਸ਼ਰਨ ਸਿੰਘ ਨੇ ਕੀਤੀ ਸੀ। ਜਿਹੜੀ ਗੱਲ ਵਿਸ਼ੇਸ਼ ਮਹੱਤਵਪੂਰਨ ਹੈ, ਉਹ ਇਹਨਾਂ ਉਪਰਾਲਿਆਂ ਦਾ ਥੋੜਚਿਰੇ ਤੇ ਅਸਥਾਈ ਹੋਣਾ ਹੈ। ਦੂਜੀ ਗੱਲ ਹੈ ਕਿ ਜਿਥੇ ਟਿਵਾਣਾ ਦਾ ਬਲ ਪੇਸ਼ਾਵਰ ਥੀਏਟਰ ਉਸਾਰਨ ਉਤੇ ਸੀ, ਉਥੇ ਗੁਰਸ਼ਰਨ ਸਿੰਘ ਦੀ ਕੋਸ਼ਿਸ਼ ਕੇਂਦਰ ਨੂੰ ਕੇਵਲ ਸਵੈ-ਨਿਰਭਰ ਬਨਾਉਣ ਦੀ ਸੀ। ਪਹਿਲੀ ਗੱਲ ਇਸ ਤੱਥ ਵੱਲ ਸੰਕੇਤ ਕਰਦੀ ਹੈ ਕਿ ਪੰਜਾਬ ਵਿਚ (ਭਾਰਤ ਵਿਚ ਵੀ) ਪੇਸ਼ਾਵਰ ਥੀਏਟਰ ਉਸਾਰਨ ਦਾ ਸਪਨਾ ਅਜੋਕੇ ਹਾਲਾਤ ਵਿਚ ਸੰਭਵ ਨਹੀਂ। ਦੂਜੀ ਗੱਲ ਇਸ ਸੰਭਾਵਨਾ ਵੱਲ ਸੰਕੇਤ ਕਰਦੀ ਹੈ ਕਿ ਰੰਗਮੰਚ ਨੂੰ ਕਾਫ਼ੀ ਹੱਦ ਤਕ ਆਰਥਿਕ ਰੂਪ ਵਿਚ ਸਵੈ-ਨਿਰਭਰ ਬਣਾਇਆ ਜਾ ਸਕਦਾ ਹੈ। ਪੇਸ਼ਾਵਰ ਰੰਗਮੰਚ ਨਾਲੋਂ ਸਵੈ-ਨਿਰਭਰ ਰੰਗਮੰਚ ਵਧੇਰੇ ਸੰਭਾਵਨਾਵਾਂ ਰੱਖਦਾ ਹੈ। ਇਸ ਦ੍ਰਿਸ਼ਟੀ ਤੋਂ ਸਹਿਯੋਗੀ ਮੈਂਬਰ ਬਨਾਉਣ ਦੀ ਯੋਜਨਾ ਰੰਗਮੰਚ ਲਹਿਰ ਵਿਚ ਨਿਵੇਕਲਾ ਸੰਗਠਨਾਤਮਕ ਉਪਰਾਲਾ ਹੈ, ਜਿਸ ਤੋਂ ਸਿੱਖਣ ਦੀ ਲੋੜ ਹੈ।

ਪੰਜਾਬੀਰੰਗਮੰਚ ਦੇ ਖੇਤਰ ਵਿਚ ਉਸਦਾ ਯੋਗਦਾਨ ਵਿਚਾਰਧਾਰਕ ਸਿਆਸੀ ਰੰਗਮੰਚ ਉਸਾਰਨ ਦਾ ਯਤਨ ਕਰਨਾ ਹੈ। ਇਹੀ ਉਹ ਪੱਖ ਹੈ ਜਿਸ ਉੱਤੇ ਸਭ ਤੋਂ ਵੱਧ ਹਮਲੇ ਹੋਏ ਹਨ ਤੇ ਇਸਨੂੰ 'ਬਾਂਦਰੀ ਤਮਾਸ਼ਾ' ਤੇ 'ਗੱਡਾ ਥੀਏਟਰ' ਕਿਹਾ ਗਿਆ ਹੈ। ਗੁਰਸ਼ਰਨ ਸਿੰਘ ਨੇ ਇਸ ਯੋਗਦਾਨ ਨੂੰ ਸਮਝਣ ਲਈ ਉਸਦੇ ਰੰਗਮੰਚ ਵਿਚਲੇ ਪਰਿਵਰਤਨ ਨੂੰ ਇਤਿਹਾਸ ਦੇ ਪਰਿਪੇਖ ਵਿਚ ਰੱਖਕੇ ਵੇਖਣ ਦੀ ਲੋੜ ਹੈ ਕਿਉਂਕਿ ਗੁਰਸ਼ਰਨ ਸਿੰਘ ਦਾ ਸ਼ਹਿਰੀ ਰੰਗਮੰਚ ਨੂੰ ਛੱਡਕੇ ਪਿੰਡ ਵਿਚ ਰੰਗਮੰਚ ਨੂੰ ਲੈ ਕੇ ਜਾਣਾ ਕੇਵਲ ਵਿਅਕਤੀਗਤ ਫੈਸਲਾ ਨਹੀਂ ਹੈ।

1970 ਤੋਂ ਬਾਅਦ ਗੁਰਸ਼ਰਨ ਸਿੰਘ ਨੇ ਪਿੰਡਾਂ ਵਿਚ ਨਾਟਕ ਖੇਡਣੇ ਸ਼ੁਰੂ ਕਰ ਦਿੱਤੇ ਸਨ। ਪਹਿਲਾਂ ਉਹ ਸਿੱਖ ਇਤਿਹਾਸ ਨਾਲ ਸੰਬੰਧਿਤ ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਦਾ ਪਿੰਡਾਂ ਵਿਚ ਮੰਚਨ ਕਰਦਾ ਸੀ। ਪਰ ਛੇਤੀ ਹੀ ਉਹ ਆਪਣੇ ਲਿਖੇ ਨਾਟਕਾਂ ਨੂੰ ਪਿੰਡਾਂ ਵਿਚ ਕਰਨ ਲੱਗ ਪਿਆ। ਇਹਨਾਂ ਨਾਟਕਾਂ ਦਾ ਵਿਸ਼ਾ ਵੇਲੇ ਦੀ ਰਾਜਨੀਤਕ ਸਥਿਤੀ ਹੁੰਦਾ। ਇਸ ਤਰ੍ਹਾਂ ਉਹ ਸਿਆਸੀ ਰੰਗਮੰਚ ਦੀ ਉਸਾਰੀ ਵੱਲ ਵਧਦਾ ਰਿਹਾ। ਉਸਨੇ ਇਸਦੇ ਲਈ ਨੁੱਕੜ ਨਾਟਕ ਨੂੰ ਆਪਣੇ ਸਿਆਸੀ ਰੰਗਮੰਚ ਦੀ ਵਿਧਾ ਦੇ ਰੂਪ

ਵਿਚ ਅਪਣਾਇਆ। ਇਕ ਇੰਟਰਵਿਊ ਵਿਚ ਉਹ ਕਹਿੰਦਾ ਹੈ, "ਮੇਰਾ ਥੀਏਟਰ ਵਿਚ ਇਕ ਨਵਾਂ ਈਡੀਅਮ ਲਭਿਆ ਏ... ਇਹ 'ਥੜ੍ਹੇ' ਦਾ ਈਡੀਅਮ ਏ ਅਵਾਮੀ ਰੰਗਮੰਚ ਦਾ ਈਡੀਅਮ ਏ...।" ਰੰਗਮੰਚ ਦੇ ਖੇਤਰ ਵਿਚ ਉਸਦੇ ਇਹ ਉਪਰਾਲੇ ਉਸਦੀ ਸੰਵੇਦਨਸ਼ੀਲ ਕਲਾ-ਸੂਝ ਤੇ ਸਮਾਜਿਕ ਪ੍ਰਤੀਬੱਧਤਾ ਦੇ ਸੂਚਕ ਹਨ ਜੋ ਰੰਗਮੰਚ ਦੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਰੱਖਦੇ ਹਨ। ਇਹੀ ਕਾਰਨ ਹੈ ਕਿ ਉਹ ਨੁੱਕੜ ਨਾਟਕ ਦੀ ਵਿਧਾ ਨੂੰ ਕੇਵਲ ਅਪਣਾਉਂਦਾ ਹੀ ਨਹੀਂ ਸਗੋਂ ਆਪਣੇ ਢੰਗ ਨਾਲ ਵਿਕਸਿਤ ਕਰਦਾ ਹੈ। ਉਸਦਾ ਵਿਚਾਰ ਹੈ ਕਿ ਨੁੱਕੜ ਨਾਟਕਾਂ ਦਾ ਵਿਸ਼ਾ 'ਇਕ ਦਮ ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜਿਆ ਹੋਵੇ ਅਤੇ ਉਹ ਸਮਕਾਲੀ ਜੀਵਨ ਤੇ ਸਮਾਜ ਦਾ ਹਿੱਸਾ ਹੋਵੇ ਤਾਂ ਸਗੋਂ ਇਹ ਹੋਰ ਵੀ ਚੰਗਾ ਰਹੇਗਾ।" ਉਸਦੇ ਨੁੱਕੜ ਨਾਟਕ ਸਮਾਜਿਕ ਤੇ ਰਾਜਨੀਤਕ ਸਮੱਸਿਆਵਾਂ ਉੱਤੇ ਸਾਰਥਕ ਟਿੱਪਣੀ ਵੀ ਕਰਦੇ ਹਨ ਤੇ ਅਭਿਨੈ ਦੇ ਨਵੇਂ ਰੂਪ ਵੀ ਉਸਾਰਨ ਦਾ ਯਤਨ ਕਰਦੇ ਹਨ। 1983 ਵਿਚ ਇੰਗਲੈਂਡ ਵਿਚ ਗੁਰਸ਼ਰਨ ਸਿੰਘ ਵੱਲੋਂ ਨੁੱਕੜ ਨਾਟਕ 'ਟੋਆ' ਦੀ ਪੇਸ਼ਕਾਰੀ ਬਾਰੇ ਟਿੱਪਣੀ ਕਰਦਿਆਂ 'ਮਾਨਚਸਟਰ ਗਾਰਡੀਅਨ' ਨੇ ਲਿਖਿਆ ਹੈ, "ਸਟਰੀਟ ਥੀਏਟਰ ਦੀ ਕਲਾ ਰਾਹੀਂ ਜਿਸ ਤਰੀਕੇ ਨਾਲ ਇੰਡੀਆਂ ਦੀ ਸਮਕਾਲੀ ਸਥਿਤੀ ਤੇ ਟਿੱਪਣੀ ਕੀਤੀ ਗਈ ਹੈ, ਉੱਥੇ ਇਹ ਇਸ ਦੀਆਂ ਸੰਭਾਵਨਾਵਾਂ ਉੱਤੇ ਵੀ ਰੋਸ਼ਨੀ ਪਾਉਂਦਾ ਹੈ। ਯਕੀਨਨ ਇਹ ਨਾਟਕ ਕਲਾ ਦਾ ਉੱਤਮ ਨਮੂਨਾ ਕਿਹਾ ਜਾ ਸਕਦਾ ਹੈ।

ਗੁਰਸ਼ਰਨ ਸਿੰਘ ਦੇ ਰੰਗਮੰਚ ਵਿਚ ਆਈ ਤਬਦੀਲੀ ਦਾ ਸੰਬੰਧ ਸਮਾਜਿਕ ਰਾਜਨੀਤਕ ਸਥਿਤੀ ਵਿਚ ਵਾਪਰਦੇ ਪਰਿਵਰਤਨ ਨਾਲ ਹੈ। ਰੰਗਮੰਚ ਦੇ ਖੇਤਰ ਵਿਚ ਉਸਦੀ ਸੰਵੇਦਨਸ਼ੀਲ ਤੇ ਸੁਚੇਤ ਕਲਾ ਦ੍ਰਿਸ਼ਟੀ ਕਈ ਸਾਰਥਕ ਤੱਥਾਂ ਵੱਲ ਸਾਡਾ ਧਿਆਨ ਦਿਵਾਉਂਦੀ ਹੈ। ਪਹਿਲਾਂ ਤੱਥ ਇਹ ਹੈ ਕਿ ਰੰਗਮੰਚ ਦੀਆਂ ਪਰਿਵਰਤਨ ਤੇ ਵਿਕਾਸ ਮੁਖੀ ਸੰਭਾਵਨਾਵਾਂ ਨੂੰ ਨਿਸ਼ਚਿਤ ਦਾਇਰੇ ਵਿਚ ਰੱਖਕੇ ਵੇਖਣਾ ਸਹੀ ਨਹੀਂ। ਅਕਸਰ ਰੰਗਮੰਚ ਨੂੰ ਸਭਿਅਤਾ ਦੀ ਸਭ ਤੋਂ ਵਿਕਸਿਤ ਵਿਚਾਰ ਪ੍ਰਗਟਾਵੇ ਤੇ ਸੰਚਾਰ ਦੀ ਸੂਖ਼ਮ ਕਲਾ ਸਮਝਦਿਆਂ ਹੋਇਆ ਵੀ ਇਸਦੀ ਵਿਲੱਖਣਤਾ ਨੂੰ ਵਿਕਾਸਮੁਖੀ ਤੇ ਇਤਿਹਾਸਕ ਪਾਸਾਰ ਵਿਚ ਰੱਖਕੇ ਵੇਖਣ ਦੀ ਥਾਂ ਖ਼ੁਦਮੁਖਤਾਰ ਸਮਝ ਲਿਆ ਜਾਂਦਾ ਹੈ। ਗੁਰਸ਼ਰਨ ਸਿੰਘ ਦਾ ਰੰਗਮੰਚ, ਰੰਗਮੰਚ ਦੀ ਵਿਆਪਕਤਾ, ਸਮਾਜਿਕ ਸਰੋਕਾਰ ਤੇ ਲਗਾਤਾਰ ਪਰਿਵਰਤਨਸ਼ੀਲ ਪ੍ਰਕਿਰਤੀ ਨੂੰ ਸਮਝਣ ਦੀ ਪ੍ਰੇਰਨਾ ਦੇਂਦਾ ਹੈ। ਰੰਗਮੰਚ ਦੇ ਵਿਕਾਸ ਲਈ ਇਹਨਾਂ ਵਿਕਾਸਮੁਖੀ ਸਰੋਕਾਰਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ। ਪ੍ਰਸਿੱਧ ਨਿਰਦੇਸ਼ਕ ਪੀਟਰ ਬਰੂਕ ਨੇ ਇਹਨਾਂ ਪਰਿਵਰਤਨਸ਼ੀਲ ਸਰੋਕਾਰਾਂ ਵੱਲ ਸੰਕੇਤ ਕਰਦਿਆਂ ਕਿਹਾ ਹੈ, "ਰੰਗਮੰਚ ਵਿਚ ਸਚਾਈ ਹਮੇਸ਼ਾ ਗਤੀਸ਼ੀਲ ਰਹਿੰਦੀ ਹੈ।"

ਪੰਜਾਬੀ ਰੰਗਮੰਚ ਵਿਚ ਪੇਸ਼ਵਾਰ ਤੇ ਸਵੈ-ਨਿਰਭਰ ਰੰਗਮੰਚ ਦੀ ਘਾਟ ਪੰਜਾਬੀ ਰੰਗਮੰਚ ਦੇ ਵਿਕਾਸ ਦੇ ਹੋਰ ਬਦਲ ਲੱਭਣ ਵੱਲ ਪ੍ਰੇਰਦੀ ਹੈ। ਪੰਜਾਬ ਦੀ ਸਥਿਤੀ ਵਿਚ ਰੰਗਮੰਚ ਦੇ ਨਵੇਂ ਰੂਪ ਲੱਭਣ ਦੀ ਲੋੜ ਹੈ ਜੋ ਅਜੋਕੀ ਸਥਿਤੀਆਂ ਦੇ ਅਨਕੂਲ ਹੋਣ।

ਗੁਰਸ਼ਰਨ ਸਿੰਘ ਇਹ ਖੋਜ਼ ਆਪਣੇ ਢੰਗ ਨਾਲ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਪ੍ਰਚਲਿੱਤ ਪੰਜਾਬੀ ਰੰਗਮੰਚ, ਜਿਸ ਨੂੰ ਪੱਛਮੀ ਰੰਗਮੰਚ ਦੀਆਂ ਲੀਹਾਂ ਤੇ ਉਸਾਰਨ ਦਾ ਯਤਨ ਕੀਤਾ ਜਾ ਰਿਹਾ ਹੈ, ਕਿੰਨਾ ਅਪ੍ਰਸੰਗਿਕ, ਬੇਗਾਨਾ ਤੇ ਅਸਾਰਥਕ ਨਜ਼ਰ ਆਉਂਦਾ ਹੈ। ਗੁਰਸ਼ਰਨ ਸਿੰਘ ਇਸ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ ਕਿ ਪੰਜਾਬੀ ਰੰਗਮੰਚ ਉਨ੍ਹਾਂ ਚਿਰ ਵਿਕਸਿਤ ਨਹੀਂ ਹੋ ਸਕਦਾ ਜਿੰਨਾ ਚਿਰ ਪਰਿਵਰਤਨਸ਼ੀਲ ਸਮਾਜਿਕ ਯਥਾਰਥ ਦੇ ਅਨੁਰੂਪ ਐਸੇ ਰੰਗਮੰਚ ਦੀ ਸਿਰਜਣਾ ਨਹੀਂ ਕੀਤੀ ਜਾਂਦੀ ਜੋ ਵਿਕਾਸਮੁਖੀ ਹੋਵੇ।

ਵਿਕਾਸਮੁਖੀ ਰੰਗਮੰਚ ਦੀ ਸਿਰਜਣਾ ਸਾਧਾਰਨ ਕੰਮ ਨਹੀਂ ਹੈ। ਇਸ ਲਈ ਗਹਿਰੀ ਦ੍ਰਿਸ਼ਟੀ, ਵਿਚਾਰਧਾਰਕ ਸਪੱਸ਼ਟਤਾ, ਕਲਾਤਮਕ ਵਿਲੱਖਣਤਾ ਤੇ ਸਿਰਜਣਾਤਮਕ ਪ੍ਰਤਿਭਾ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਪ੍ਰਤੀਬੱਧਤਾ ਤੇ ਦ੍ਰਿੜ-ਨਿਸ਼ਚਾ। ਸਿਆਸੀ ਰੰਗਮੰਚ ਦੀ ਵਿਧਾ ਨੁੱਕੜ ਨਾਟਕ ਬਾਰੇ ਉਹਨਾਂ ਦਾ ਵਿਚਾਰ ਹੈ ਕਿ "ਇਸ ਵਿਧਾ ਨਾਲ ਜੇ ਕਮਿੱਟਮੈਂਟ ਹੋਵੇ ਤਾਂ ਹੀ ਨਿਭਿਆ ਜਾ ਸਕਦਾ ਹੈ।" ਇਹ ਪ੍ਰਤੀਬੱਧਤਾ ਸਮੁੱਚੇ ਰੰਗਮੰਚ ਦੇ ਵਿਕਾਸ ਲਈ ਵੀ ਉਨੀਂ ਹੀ ਜ਼ਰੂਰੀ ਹੈ। ਪੰਜਾਬੀ ਰੰਗਮੰਚ ਨੂੰ ਸਿਆਸੀ ਰੰਗਮੰਚ ਵਰਗੀ ਪ੍ਰਤੀਬੱਧਤਾ ਤੇ ਸੰਗਠਨ ਦੀ ਲੋੜ ਹੈ।

## ਪੰਜਾਬੀ ਨਾਟ-ਕਲਾ ਦੀ ਵਿਸ਼ੇਸ਼ ਪਰਾਪਤੀ

ਗੁਰਸ਼ਰਨ ਸਿੰਘ ਭਾਰਤ ਵਿਚ ਵਧ ਰਹੇ ਪੂੰਜੀਵਾਦੀ ਜਮਾਤ ਦੇ ਗਲਬੇ ਹੇਠਲੇ ਤਬਕੇ ਦੀ ਅਤੇ ਟੁੱਟ ਰਹੀ ਕਿਸਾਨੀ ਦੀ ਹੋ ਰਹੀ ਬੇਕਿਰਕ ਲੁੱਟ, ਧਨੀ ਕਿਸਾਨਾਂ ਦੀਆਂ ਕੂਟ-ਨੀਤੀਆਂ ਅਤੇ ਔਰਤਾਂ ਦੀ ਮੰਦਹਾਲੀ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਦੇਖਣ ਕਾਰਨ ਪੰਜਾਬੀ ਨਾਟ-ਕਲਾ ਦੇ ਖੇਤਰ ਵਿਚ ਵਿਸ਼ੇਸ਼ ਪਰਾਪਤੀ ਕਰ ਸਕਿਆ ਹੈ। ਪੰਜਾਬੀ ਸਭਿਆਚਾਰ ਵਿਚ ਮਾਣਯੋਗ ਵਾਧਾ ਕਰਨ ਵਿਚ ਗੁਰਸ਼ਰਨ ਸਿੰਘ ਅਤੇ ਅਜਮੇਰ ਸਿੰਘ ਔਲਖ ਦਾ ਅਜੋਕੀ ਸਥਿਤੀ ਵਿਚ ਵਿਸ਼ੇਸ਼ ਸਥਾਨ ਹੈ।

***ਦਰਸ਼ਨ ਗਿੱਲ***